BCFSA BC Financial Services Authority

# ਇਕ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਤੁਹਾਡਾ ਸੰਬੰਧ

**ਬੀ ਸੀ ਫਾਈਨੈਂਸ਼ਿਅਲ ਸਰਵਿਸਜ਼ ਅਥਾਰਟੀ** ਕਾਨੂੰਨ ਵੱਲੋਂ ਸਥਾਪਤ ਕੀਤੀ ਗਈ ਨਿਯਮ ਲਾਗੂ ਕਰਨ ਵਾਲੀ ਏਜੰਸੀ ਹੈ ਜਿਹੜੀ ਇਹ ਯਕੀਨੀ ਬਣਾਉਣ ਲਈ ਕੰਮ ਕਰਦੀ ਹੈ ਕਿ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਕੋਲ ਤੁਹਾਨੂੰ ਉੱਚ ਪੱਧਰ ਦੀਆਂ ਸੇਵਾਵਾਂ ਦੇਣ ਲਈ ਯੋਗਤਾਵਾਂ ਅਤੇ ਗਿਆਨ ਹੋਵੇ। ਸਾਰੇ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਲਈ ਉਹਨਾਂ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ ਜੋ ਤੁਹਾਡੇ ਵਰਗੇ ਖਪਤਕਾਰਾਂ ਦੀ ਸੁਰੱਖਿਆ ਕਰਦੇ ਹੋਣ। ਅਸੀਂ ਰੀਅਲ ਇਸਟੇਟ ਦੇ ਇਕ ਖਪਤਕਾਰ ਵੱਜੋਂ ਆਪਣੇ ਹੱਕਾਂ ਬਾਰੇ ਜਾਣਕਾਰੀ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਥੇ ਹਾਜ਼ਰ ਹਾਂ।

**ਆਪਣੀ ਜਾਣਕਾਰੀ ਲਈ ਜਾਣਕਾਰੀ ਵਾਲੇ ਇਸ ਸਫੇ ਨੂੰ ਆਪਣੇ ਕੋਲ ਰੱਖੋ।**

## ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਲਈ ਤੁਹਾਨੂੰ ਸੇਵਾਵਾਂ ਦੇਣ ਤੋਂ ਪਹਿਲਾਂ ਤੁਹਾਨੂੰ ਖਪਤਕਾਰਾਂ ਲਈ ਇਹ ਜਾਣਕਾਰੀ ਦੇਣਾ ਕਾਨੂੰਨੀ ਤੌਰ ’ਤੇ ਜ਼ਰੂਰੀ ਹੈ।

ਪ੍ਰਾਪਰਟੀ ਨੂੰ ਖ਼ੀਦਣ, ਵੇਚਣ ਜਾਂ ਲੀਜ਼ ’ਤੇ ਲੈਣ ਸਮੇਂ ਇਕ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਤੁਹਾਡੇ ਕਿਸ ਤਰ੍ਹਾਂ ਦੇ ਵੱਖ ਵੱਖ ਸੰਬੰਧ ਹੋ ਸਕਦੇ ਹਨ, ਇਹ ਜਾਣਕਾਰੀ ਤੁਹਾਨੂੰ ਉਨ੍ਹਾਂ ਬਾਰੇ ਦੱਸਦੀ ਹੈ। ਕਿਸੇ ਰੀਅਲ ਇਸਟੇਟ ਦੇ ਸੌਦੇ ਦੇ ਸੰਬੰਧ ਵਿੱਚ ਇਕ ਰੀਅਲ ਇਸਟੇਟ ਪ੍ਰੋਫੈਸ਼ਨਲ ਨੂੰ ਕੋਈ ਭੇਤ ਵਾਲੀ ਜਾਣਕਾਰੀ ਦੇਣ ਤੋਂ ਪਹਿਲਾਂ ਤੁਹਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਤੁਹਾਡਾ ਉਸ ਵਿਅਕਤੀ ਨਾਲ ਕਿਸ ਤਰ੍ਹਾਂ ਦਾ ਕਾਰੋਬਾਰੀ ਸੰਬੰਧ ਹੈ।

### ਤੁਸੀਂ ਇਕ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਹੇਠ ਲਿਖੇ ਤਰੀਕਿਆਂ ਵਿੱਚੋਂ ਕਿਸੇ ਇਕ ਤਰੀਕੇ ਨਾਲ ਕੰਮ ਕਰ ਸਕਦੇ ਹੋ:

#### ਇਕ ਗਾਹਕ (ਕਲਾਇੰਟ) ਵੱਜੋਂ

ਜੇ ਤੁਸੀਂ ਕਿਸੇ ਰੀਅਲ ਇਸਟੇਟ ਪ੍ਰੋਫੈਸ਼ਨਲ ਦੇ ਗਾਹਕ ਹੋ, ਤਾਂ ਉਹ ਤੁਹਾਡੇ ਲਈ ਕੰਮ ਕਰਦਾ ਹੈ। ਤੁਹਾਡੀ ਨੁਮਾਇੰਦਗੀ ਕਰ ਰਹੇ ਰੀਅਲ ਇਸਟੇਟ ਪ੍ਰੋਫੈਸ਼ਨਲ ਦੇ ਤੁਹਾਡੇ ਪ੍ਰਤੀ ਖਾਸ ਕਾਨੂੰਨੀ ਫਰਜ਼ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

- **ਵਫਾਦਾਰੀ:** ਉਹ ਸਿਰਫ ਤੁਹਾਡੇ ਹਿੱਤਾਂ ਲਈ ਕੰਮ ਕਰਨਗੇ।
- **ਫੁੱਲ ਡਿਸਕਲੋਜ਼ਰ (ਪੂਰੀ ਜਾਣਕਾਰੀ ਦੇਣਾ):** ਉਨ੍ਹਾਂ ਲਈ ਤੁਹਾਨੂੰ ਉਹ ਸਭ ਕੁੱਝ ਦੱਸਣਾ ਜ਼ਰੂਰੀ ਹੈ, ਜੋ ਉਹ ਜਾਣਦੇ ਹਨ ਅਤੇ ਜਿਹੜਾ ਇਕ ਸੌਦੇ ਵਿੱਚ ਤੁਹਾਡੇ ਫੈਸਲੇ ਨੂੰ ਪ੍ਰਭਾਵਿਤ ਕਰ ਸਕਦਾ ਹੈ।
- **ਹਿੱਤਾਂ ਦੇ ਟਕਰਾਅ ਤੋਂ ਬਚਣਾ:** ਉਨ੍ਹਾਂ ਲਈ ਕਿਸੇ ਵੀ ਉਸ ਹਾਲਤ ਤੋਂ ਬਚਣਾ ਜ਼ਰੂਰੀ ਹੈ, ਜਿਹੜੀ ਤੁਹਾਡੇ ਹਿੱਤਾਂ ਲਈ ਕੰਮ ਕਰਨ ਦੇ ਉਨ੍ਹਾਂ ਦੇ ਫਰਜ਼ ’ਤੇ ਅਸਰ ਕਰ ਸਕਦੀ ਹੋਵੇ।
- **ਭੇਤਦਾਰੀ:** ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਤੁਹਾਡੀ ਸਹਿਮਤੀ ਤੋਂ ਬਿਨਾਂ ਤੁਹਾਡੀ ਨਿੱਜੀ (ਪ੍ਰਾਈਵੇਟ) ਜਾਣਕਾਰੀ ਕਿਸੇ ਹੋਰ ਨੂੰ ਨਾ ਦੇਣ, ਭਾਵੇਂ ਕਿ ਤੁਹਾਡਾ ਸੰਬੰਧ ਉਨ੍ਹਾਂ ਨਾਲ ਖਤਮ ਵੀ ਹੋ ਗਿਆ ਹੋਵੇ। ਇਸ ਵਿੱਚ ਸ਼ਾਮਲ ਹੈ:
  - ਪ੍ਰਾਪਰਟੀ ਖ਼ੀਦਣ, ਵੇਚਣ ਜਾਂ ਲੀਜ਼ ਕਰਨ ਦੇ ਤੁਹਾਡੇ ਕਾਰਨ
  - ਤੁਹਾਡੀ ਘੱਟੋ ਘੱਟ/ਵੱਧ ਤੋਂ ਵੱਧ ਕੀਮਤ
  - ਤੁਹਾਡੀਆਂ ਕੋਈ ਵੀ ਤਰਜੀਹੀ ਸ਼ਰਤਾਂ ਅਤੇ ਹਾਲਤਾਂ ਜਿਹੜੀਆਂ ਤੁਸੀਂ ਇਕਰਾਰਨਾਮੇ ਵਿੱਚ ਸ਼ਾਮਲ ਕਰਨੀਆਂ ਚਾਹੁੰਦੇ ਹੋਵੋ

ਜਦੋਂ ਤੁਸੀਂ ਗਾਹਕ ਬਣਦੇ ਹੋ, ਤਾਂ ਤੁਹਾਨੂੰ ਇਕ ਲਿਖਤੀ ਇਕਰਾਰਨਾਮੇ ’ਤੇ ਦਸਖ਼ਤ ਕਰਨ ਨੂੰ ਕਿਹਾ ਜਾ ਸਕਦਾ ਹੈ, ਜਿਸ ਇਕਰਾਰਨਾਮੇ ਵਿੱਚ ਤੁਹਾਡੀਆਂ ਅਤੇ ਰੀਅਲ ਇਸਟੇਟ ਪ੍ਰੋਫੈਸ਼ਨਲ ਦੀਆਂ ਜ਼ਿੰਮੇਵਾਰੀਆਂ ਨਿਸ਼ਚਿਤ ਕੀਤੀਆਂ ਗਈਆਂ ਹੋਣ।

#### ਇਕ ਗਾਹਕ ਨਾ ਹੁੰਦੇ ਹੋਏ

ਇਕ ਗਾਹਕ ਵਜੋਂ ਤੁਹਾਡੀ ਨੁਮਾਇੰਦਗੀ ਨਾ ਕਰ ਰਹੇ ਇਕ ਰੀਅਲ ਇਸਟੇਟ ਪ੍ਰੋਫੈਸ਼ਨਲ ਦੇ ਤੁਹਾਡੇ ਪ੍ਰਤੀ ਕੋਈ ਖਾਸ ਕਾਨੂੰਨੀ ਫਰਜ਼ ਨਹੀਂ ਹੁੰਦੇ:

- **ਕੋਈ ਵਫਾਦਾਰੀ ਨਹੀਂ:** ਹੋ ਸਕਦਾ ਹੈ ਕਿ ਉਹ ਸੌਦੇ ਵਿੱਚ ਇਕ ਅਜਿਹੇ ਗਾਹਕ ਦੀ ਨੁਮਾਇੰਦਗੀ ਕਰ ਰਹੇ ਹੋਣ ਜਿਸ ਦੇ ਹਿੱਤ ਤੁਹਾਡੇ ਹਿੱਤਾਂ ਨਾਲ ਟਕਰਾਉਂਦੇ ਹੋਣ। ਉਨ੍ਹਾਂ ਲਈ ਆਪਣੇ ਗਾਹਕ ਦੇ ਵਫਾਦਾਰ ਹੋਣਾ ਜ਼ਰੂਰੀ ਹੈ, ਤੁਹਾਡੇ ਨਹੀਂ।
- **ਫੁੱਲ ਡਿਸਕਲੋਜ਼ਰ ਕਰਨ (ਪੂਰੀ ਜਾਣਕਾਰੀ ਦੇਣ) ਦਾ ਕੋਈ ਫਰਜ਼ ਨਹੀਂ:** ਤੁਹਾਨੂੰ ਸਾਰੀ ਢੁਕਵੀਂ ਜਾਣਕਾਰੀ ਦੇਣ ਦਾ ਉਨ੍ਹਾਂ ਦਾ ਕੋਈ ਫਰਜ਼ ਨਹੀਂ ਹੁੰਦਾ।
- **ਹਿੱਤਾਂ ਦੇ ਟਕਰਾਅ ਤੋਂ ਬਚਣ ਦਾ ਕੋਈ ਫਰਜ਼ ਨਹੀਂ:** ਉਹ ਤੁਹਾਡੇ ਹਿੱਤਾਂ ਵਿੱਚ ਕੰਮ ਨਹੀਂ ਕਰ ਰਹੇ।
- **ਕੋਈ ਭੇਤਦਾਰੀ ਨਹੀਂ:** ਉਨ੍ਹਾਂ ਲਈ ਸੌਦੇ ਵਿੱਚ ਤੁਹਾਡੇ ਵੱਲੋਂ ਦਿੱਤੀ ਹਰ ਜਾਣਕਾਰੀ ਆਪਣੇ ਗਾਹਕ ਨੂੰ ਦੱਸਣੀ ਜ਼ਰੂਰੀ ਹੈ।

ਜੇ ਤੁਸੀਂ ਇਕ ਗਾਹਕ ਨਾ ਹੋਵੋ ਤਾਂ ਹੋ ਸਕਦਾ ਹੈ ਕਿ ਰੀਅਲ ਇਸਟੇਟ ਪ੍ਰੋਫੈਸ਼ਨਲ ਤੁਹਾਨੂੰ ਸੀਮਤ ਸੇਵਾਵਾਂ ਹੀ ਦੇਵੇ।

ਜਦੋਂ ਵੀ ਕੋਈ ਰੀਅਲ ਇਸਟੇਟ ਪ੍ਰੋਫੈਸ਼ਨਲ ਕਿਸੇ ਰੀਅਲ ਇਸਟੇਟ ਦੇ ਸੌਦੇ ਵਿੱਚ ਤੁਹਾਡੇ ਨਾਲ ਕੰਮ ਕਰਦਾ ਹੈ, ਤਾਂ ਇਮਾਨਦਾਰੀ ਅਤੇ ਵਾਜਬ ਧਿਆਨ ਅਤੇ ਯੋਗਤਾ ਨਾਲ ਕੰਮ ਕਰਨਾ ਉਸ ਦੀ ਜ਼ਿੰਮੇਵਾਰੀ ਹੈ, ਬੇਸ਼ੱਕ ਤੁਸੀਂ ਉਸ ਦੇ ਗਾਹਕ ਹੋਵੋ ਜਾਂ ਨਾ।

**ਕੀ ਤੁਸੀਂ ਜਾਣਦੇ ਹੋ ਕਿ ਖ਼ੀਦਦਾਰ ਕੋਲ ਬੀ ਸੀ ਵਿੱਚ ਕਿਸੇ ਅਚੱਲ ਰਿਹਾਇਸ਼ੀ ਪ੍ਰਾਪਰਟੀ ਖ਼ੀਦਣ ਦੇ ਇਕਰਾਰਨਾਮੇ (ਕੌਨਟ੍ਰੈਕਟ) ਨੂੰ ਕੈਂਸਿਲ ਕਰਨ ਦਾ ਹੱਕ ਹੈ? ਘਰ ਖ਼ੀਦਣ ਵਾਲਿਆਂ ਲਈ ਇਕਰਾਰਨਾਮਾ ਰੱਦ ਕਰਨ ਦੇ ਸਮੇਂ ਬਾਰੇ ਹੋਰ ਜਾਣਨ ਲਈ www.bcfsa.ca ’ਤੇ ਜਾਉ ਜਾਂ ਆਪਣੇ ਰੀਅਲ ਇਸਟੇਟ ਲਾਇਸੰਸੀ, ਕਿਸੇ ਵਕੀਲ ਜਾਂ ਨੋਟਰੀ ਨਾਲ ਗੱਲ ਕਰੋ।**



ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਨਾਲ ਸੰਪਰਕ ਕਰੋ। 1 866 206 3030 | ਗੁਪਤ ਸੂਹ ਦੇਣ ਲਈ ਲਾਈਨ: 1 833 420 2400 | info@bcfsa.ca

You're Protected
bcfsa.ca

# ਇਕ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਤੁਹਾਡਾ ਸੰਬੰਧ

**ਸੇਵਾਵਾਂ ਦੇ ਕਾਰੋਬਾਰ (ਟ੍ਰੇਡਿੰਗ ਸਰਵਿਸਜ਼) ਵਿੱਚ ਨੁਮਾਇੰਦਗੀ ਦਾ ਡਿਸਕਲੋਜ਼ਰ**

**ਰੀਅਲ ਇਸਟੇਟ ਸਰਵਿਸਜ਼ ਰੂਲਜ਼ ਦੇ ਸੈਕਸ਼ਨ 54 ਦੀ ਪਾਲਣਾ ਕਰਨ ਲਈ ਇਸ ਡਿਕਲੋਜ਼ਰ ਫਾਰਮ (ਜਾਣਕਾਰੀ ਦੇਣ ਵਾਲੇ ਫਾਰਮ) ਬਾਰੇ ਦੱਸਣਾ ਜ਼ਰੂਰੀ ਹੈ। ਤੁਹਾਡੇ ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਇਸ ਡਿਸਕਲੋਜ਼ਰ ਫਾਰਮ ਦੇ ਨਾਲ ਨਾਲ ਇਕ ਰੀਅਲ ਇਸਟੇਟ ਪ੍ਰੋਫੈਸ਼ਨਲ ਨਾਲ ਤੁਹਾਡਾ ਸੰਬੰਧ ਨਾਂ ਦਾ ਜਾਣਕਾਰੀ ਵਾਲਾ ਸਫਾ ਤੁਹਾਨੂੰ ਦੇਣਾ ਜ਼ਰੂਰੀ ਹੈ।**

## REAL ESTATE PROFESSIONAL DISCLOSURE DETAILS

I disclose that I am *(check one)*:

- ○ representing you as my client
- ○ **not** representing you as a client

______________________________
Name

______________________________
Team name and members, if applicable. *The duties of a real estate professional as outlined in this form apply to all team members.*

______________________________
Brokerage

______________________________
Signature | Date

Notes:

______________________________

______________________________

______________________________

## CONSUMER ACKNOWLEDGMENT:

**This is NOT a contract**

I acknowledge that I have received the **Your Relationship with a Real Estate Professional** consumer information page and this disclosure form.

| Name (optional) | Name (optional) |
|---|---|
| Initials (optional) — Date | Initials (optional) — Date |

ਇਸ ਡਿਸਕਲੋਜ਼ਰ ਦੀ ਕਾਪੀ ਬੀ ਸੀ ਫਾਈਨੈਂਸ਼ਿਅਲ ਸਰਵਿਸਜ਼ ਅਥਾਰਟੀ ਨੂੰ ਦੇਣਾ ਜ਼ਰੂਰੀ ਨਹੀਂ ਹੈ ਜੇ ਇਸ ਦੀ ਖਾਸ ਤੌਰ ’ਤੇ ਮੰਗ ਨਾ ਕੀਤੀ ਹੋਵੇ।



BCFSA BC Financial Services Authority / You're Protected bcfsa.ca